# ਪੰਜਾਬ ਸਕੂਲ ਸਿੱਖਿਆ ਬੋਰਡ

## ਮੁੜ ਮੁਲਾਂਕਣ(Re-evaluation) ਸਬੰਧੀ ਵਿਨਿਯਮ ਅਤੇ ਹਦਾਇਤਾਂ

1. ਮੁੜ ਮੁਲਾਂਕਣ (Re-evaluation) ਕੇਵਲ ਲਿਖਤੀ ਪੇਪਰਾਂ (Theory Papers) ਦਾ ਹੋਵੇਗਾ ਅਤੇ ਪ੍ਰਯੋਗੀ ਪੇਪਰਾਂ(Practical Papers) ਦਾ ਮੁੜ ਮੁਲਾਂਕਣ ਨਹੀਂ ਹੋਵੇਗਾ ।
2. ਬੋਰਡ ਵੱਲੋਂ ਨਤੀਜਾ ਘੋਸ਼ਿਤ ਕੀਤੇ ਜਾਣ ਤੋਂ ਬਾਅਦ, ਮੁੜ ਮੁਲਾਂਕਣ ਦੀ ਫੀਸ ਅਤੇ ਫਾਰਮ ਕੇਵਲ ਆਨਲਾਈਨ ਭਰਿਆ ਜਾਵੇ। ਪ੍ਰੀਖਿਆਰਥੀ ਆਨ-ਲਾਈਨ ਫਾਰਮ ਅਤੇ ਫੀਸ ਭਰਨ ਉਪਰੰਤ ਉਸ ਦਾ ਪ੍ਰਿੰਟ ਆਪਣੇ ਕੋਲ ਰੱਖੇਗਾ। ਜਾਰੀ ਕੀਤੇ ਸ਼ਡਿਊਲ ਵਿੱਚ ਦਰਜ ਮਿਤੀਆਂ ਤੋਂ ਬਾਅਦ ਕੋਈ ਵੀ ਫਾਰਮ ਸਵੀਕਾਰ ਨਹੀਂ ਕੀਤਾ ਜਾਵੇਗਾ।
3. ਨਿਰਧਾਰਿਤ ਕੀਤੀ ਮੁੜ ਮੁਲਾਂਕਣ ਦੀ ਫੀਸ ਤੋਂ ਬਿਨਾਂ/ਅਧੂਰੇ ਫਾਰਮਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਭਾਵ ਅਜਿਹੇ ਅਧੂਰੇ ਫਾਰਮ ਬਿਨਾਂ ਕਿਸੇ ਅਗੇਤੀ ਸੂਚਨਾ ਤੋਂ ਰੱਦ ਕੀਤੇ ਜਾਣਗੇ। ਮੁੜ ਮੁਲਾਂਕਣ ਦੀ ਜਮ੍ਹਾਂ ਕਰਵਾਈ ਫੀਸ ਕਿਸੇ ਵੀ ਸੂਰਤ ਵਿੱਚ ਵਾਪਿਸ /ਐਡਜਸਟ (Refund/Adjust) ਨਹੀਂ ਹੋਵੇਗੀ।

| | |
|---|---|
| ਮੁੜ ਮੁਲਾਂਕਣ(Re-evaluation) ਫੀਸ | 1000/-ਰੁ: ਪ੍ਰਤੀ ਉੱਤਰ ਪੱਤਰੀ |

4. ਮੁੜ ਮੁਲਾਂਕਣ(Re-evaluation) ਕੀਤੀਆਂ ਉੱਤਰ ਪੱਤਰੀਆਂ ਦੇ ਨਤੀਜੇ ਵਿੱਚ ਸੋਧ ਕੀਤੀ ਜਾਵੇਗੀ, ਭਾਵ ਜੇ ਅੰਕ ਵੱਧ ਜਾਂਦੇ ਹਨ ਤਾਂ ਵੱਧੇ ਅੰਕਾਂ ਅਨੁਸਾਰ, ਜੇ ਅੰਕ ਘੱਟ ਜਾਂਦੇ ਹਨ ਤਾਂ ਘੱਟੇ ਅੰਕਾਂ ਅਨੁਸਾਰ ਨਤੀਜਾ ਸੋਧਿਆ ਜਾਵੇਗਾ। ਮੁੜ ਮੁਲਾਂਕਣ ਉਪਰੰਤ ਘੋਸ਼ਿਤ ਨਤੀਜ਼ਾ, ਅੰਤਿਮ ਨਤੀਜਾ ਹੋਵੇਗਾ।
5. ਮੁੜ ਮੁਲਾਂਕਣ(Re-evaluation) ਦੌਰਾਨ ਜੇਕਰ ਕਿਸੇ ਪ੍ਰੀਖਿਆਰਥੀ ਦੇ ਨੰਬਰ ਵੱਧਦੇ ਹਨ ਤਾਂ ਬੋਰਡ ਵੱਲੋਂ ਜਾਰੀ ਕੀਤੀ ਮੈਰਿਟ ਸੂਚੀ ਵਿੱਚ ਉਸਨੂੰ ਜੁਆਇੰਟ ਮੈਰਿਟ ਤੇ ਅਟੈਚ ਕੀਤਾ ਜਾਵੇਗਾ। ਇਸ ਤਰਾਂ ਕਰਨ ਨਾਲ ਮੁੱਢਲੀ ਮੈਰਿਟ ਸੂਚੀ ਪ੍ਰਭਾਵਿਤ ਨਹੀਂ ਹੋਵੇਗੀ।
6. ਮੁੜ ਮੁਲਾਂਕਣ (Re-evaluation) ਦੇ ਨਤੀਜੇ ਦੀ ਜਾਣਕਾਰੀ ਆਨਲਾਈਨ ਬੋਰਡ ਦੀ ਵੈੱਬਸਾਈਟ ਤੇ ਦਿੱਤੀ ਜਾਵੇਗੀ। ਜੇਕਰ ਅੰਕਾਂ ਵਿੱਚ ਸੋਧ ਹੁੰਦੀ ਹੈ ਤਾਂ ਇਸ ਸਬੰਧੀ ਅਗਲੇਰੀ ਕਾਰਵਾਈ ਪਰੀਖਿਆ ਸ਼ਾਖਾ ਵੱਲੋਂ ਕੀਤੀ ਜਾਵੇਗੀ ਅਤੇ ਪਰੀਖਿਆਰਥੀ ਨੂੰ ਸਬੰਧਤ ਪਰੀਖਿਆ ਸ਼ਾਖਾ ਨਾਲ ਸੰਪਰਕ ਕਰਦੇ ਹੋਏ ਆਪਣਾ ਪੁਰਾਣਾ ਸਰਟੀਫਿਕੇਟ ਜਮ੍ਹਾਂ ਕਰਵਾ ਕੇ ਨਵਾਂ ਸਰਟੀਫਿਕੇਟ ਪ੍ਰਾਪਤ ਕਰਨਾ ਪਵੇਗਾ। ਇਸ ਲਈ ਅਸਲ ਸਰਟੀਫਿਕੇਟ ਦੀ ਜਦੋਂ ਮੰਗ ਕੀਤੀ ਜਾਵੇ ਤਾਂ ਹੀ ਬੋਰਡ ਨੂੰ ਭੇਜਿਆ ਜਾਵੇ।
7. ਮੁੜ ਮੁਲਾਂਕਣ (Re-evaluation) ਦਾ ਫਾਰਮ ਭਰਨ ਦੀ ਮਿਤੀ 16-05-2026 ਤੋਂ 30-05-2026 ਤੱਕ।
8. ਮੁੜ ਮੁਲਾਂਕਣ (Re-evaluation) ਦੀ ਪ੍ਰਕ੍ਰਿਆ ਪੂਰੀ ਹੋਣ ਉਪਰੰਤ ਅੰਤਿਮ /ਬਣਦਾ ਨਤੀਜਾ ਬੋਰਡ ਦੀ ਵੈਬ-ਸਾਈਟ (www.pseb.ac.in) ਤੇ ਦੇਖਿਆ ਜਾ ਸਕਦਾ ਹੈ।

13/5/26

ਸਹਾਇਕ ਸਕੱਤਰ(ਕਾਰਜ਼ ਸੰਚਾਲਨ)
ਪੰਜਾਬ ਸਕੂਲ ਸਿੱਖਿਆ ਬੋਰਡ

Scanned with CamScanner

**ਪੰਜਾਬ ਸਕੂਲ ਸਿੱਖਿਆ ਬੋਰਡ**
**(ਕੰਡਕਟ ਸ਼ਾਖਾ)**
**ਪ੍ਰੈਸ ਨੋਟ**

ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਸਾਲਾਨਾ ਪਰੀਖਿਆਵਾਂ ਪੂਰੇ ਵਿਸ਼ਿਆਂ (ਸਮੇਤ ਓਪਨ ਸਕੂਲ) ਰੀ-ਅਪੀਅਰ, ਵਾਧੂ ਵਿਸ਼ਾ ਅਤੇ ਦਰਜ਼ਾ/ਕਾਰਗੁਜ਼ਾਰੀ ਵਧਾਉਣ ਦਾ ਨਤੀਜਾ ਕ੍ਰਮਵਾਰ ਦਸਵੀਂ ਸ਼੍ਰੇਣੀ ਦਾ ਮਿਤੀ 11-05-2026 ਅਤੇ ਬਾਰਵੀਂ ਸ਼੍ਰੇਣੀ ਦਾ ਮਿਤੀ 13-05-2026 ਨੂੰ ਘੋਸ਼ਿਤ ਕੀਤਾ ਜਾ ਚੁੱਕਾ ਹੈ। ਇਹਨਾਂ ਪਰੀਖਿਆਵਾਂ ਨਾਲ ਸਬੰਧਤ ਪਰੀਖਿਆਰਥੀ ਜੇਕਰ ਰੀ ਚੈਕਿੰਗ /ਰੀ-ਵੈਲੂਏਸ਼ਨ ਕਰਵਾਉਣਾ ਚਾਹੁੰਦੇ ਹਨ ਤਾਂ ਆਨ ਲਾਈਨ ਫਾਰਮ ਅਤੇ ਫੀਸ ਭਰਨ ਲਈ ਮਿਤੀ 16-05-2026 ਤੋਂ 30-05-2026 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ। ਪਰੀਖਿਆਰਥੀ ਆਨ-ਲਾਈਨ ਫਾਰਮ ਅਤੇ ਫੀਸ ਭਰਨ ਉਪਰੰਤ ਇਸ ਦਾ ਪ੍ਰਿੰਟ ਆਪਣੇ ਕੋਲ ਰਿਕਾਰਡ ਹਿੱਤ ਰੱਖਣਗੇ । ਇਸ ਫਾਰਮ ਦੀ ਹਾਰਡ ਕਾਪੀ ਦਫਤਰ ਵਿਖੇ ਜਮ੍ਹਾ ਕਰਵਾਉਣ ਦੀ ਜਰੂਰਤ ਨਹੀਂ ਹੈ।ਹੋਰ ਵਧੇਰੇ ਜਾਣਕਾਰੀ ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲੱਬਧ ਹੈ ।

13/5/26
(ਡਾ.ਗੁਰਮੀਤ ਕੌਰ)
ਉਪ ਸਕੱਤਰ (ਸੀਨੀ.ਸੈਕੰ/ਕੰਡਕਟ)
ਪੰਜਾਬ ਸਕੂਲ ਸਿੱਖਿਆ ਬੋਰਡ

Scanned with CamScanner

## ਪੰਜਾਬ ਸਕੂਲ ਸਿੱਖਿਆ ਬੋਰਡ
## (ਰੀ-ਚੈਕਿੰਗ ਸਬੰਧੀ ਵਿਨਿਯਮ ਅਤੇ ਹਦਾਇਤਾਂ)

1. ਬੋਰਡ ਵੱਲੋਂ ਨਤੀਜਾ ਐਲਾਨੇ ਜਾਣ ਤੋਂ ਬਾਅਦ ਰੀ-ਚੈਕਿੰਗ ਦੇ ਸਡਿਊਲ ਅਨੁਸਾਰ ਫਾਰਮ ਅਤੇ ਫੀਸ ਆਨ-ਲਾਈਨ ਹੀ ਜਮ੍ਹਾਂ ਕਰਵਾਈ ਜਾਵੇ। ਇਸ ਉਪਰੰਤ ਰੀਚੈਕਿੰਗ ਫਾਰਮ ਅਤੇ ਫੀਸ ਦਾ ਪ੍ਰਿੰਟ ਪ੍ਰੀਖਿਆਰਥੀ ਆਪਣੇ ਕੋਲ ਰੱਖੇਗਾ। ਦਫਤਰ ਵਿਖੇ ਜਮ੍ਹਾਂ ਕਰਵਾਉਣ ਦੀ ਜਰੂਰਤ ਨਹੀਂ ਹੈ।
2. ਨਿਰਧਾਰਿਤ ਕੀਤੀ ਰੀ-ਚੈਕਿੰਗ ਦੀ ਫੀਸ ਤੋਂ ਬਿਨ੍ਹਾਂ ਅਧੂਰੇ ਫਾਰਮਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਭਾਵ ਅਜਿਹੇ ਫਾਰਮ ਬਿਨ੍ਹਾਂ ਕਿਸੇ ਅਗੇਤੀ ਸੂਚਨਾ ਤੋਂ ਰੱਦ ਕੀਤੇ ਜਾਣਗੇ। ਰੀ-ਚੈਕਿੰਗ ਦੀ ਜਮ੍ਹਾਂ ਕਰਵਾਈ ਫੀਸ ਕਿਸੇ ਸੂਰਤ ਵਿੱਚ ਵਾਪਿਸ/ਐਡਜਸ਼ਟ ਨਹੀਂ ਹੋਵੇਗੀ।

| | |
|---|---|
| ਰੀ-ਚੈਕਿੰਗ ਦੀ ਫੀਸ | 500/-ਰੁਪਏ ਪ੍ਰਤੀ ਉੱਤਰ ਪੱਤਰੀ |

3. ਰੀ-ਚੈਕਿੰਗ ਦੇ ਨਤੀਜੇ ਦੀ ਜਾਣਕਾਰੀ ਆਨਲਾਈਨ ਬੋਰਡ ਦੀ ਵੈਬਸਾਈਟ ਤੇ ਦਿੱਤੀ ਜਾਵੇਗੀ। ਜੇਕਰ ਨਤੀਜੇ ਵਿੱਚ ਕੋਈ ਸੋਧ ਹੁੰਦੀ ਹੈ ਤਾਂ ਇਸ ਸਬੰਧੀ ਅਗਲੇਰੀ ਕਾਰਵਾਈ ਬੋਰਡ ਦੀ ਪ੍ਰੀਖਿਆ ਸ਼ਾਖਾ ਵੱਲੋਂ ਕਰਵਾਈ ਜਾਵੇਗੀ ਅਤੇ ਪਰੀਖਿਆਰਥੀ ਨੂੰ ਸਬੰਧਤ ਪ੍ਰੀਖਿਆ ਸ਼ਾਖਾ ਨਾਲ ਸੰਪਰਕ ਕਰਦੇ ਹੋਏ ਆਪਣਾ ਪੁਰਾਣਾ ਨਤੀਜਾ ਕਾਰਡ/ਸਰਟੀਫਿਕੇਟ ਜਮ੍ਹਾਂ ਕਰਵਾਕੇ ਨਵਾਂ ਸਰਟੀਫਿਕੇਟ ਪ੍ਰਾਪਤ ਕਰਨਾ ਪਵੇਗਾ। ਇਸ ਲਈ ਅਸਲ ਨਤੀਜੇ ਕਾਰਡ/ਸਰਟੀਫਿਕੇਟ ਦੀ ਜਦੋਂ ਮੰਗ ਕੀਤੀ ਜਾਵੇ ਤਾਂ ਹੀ ਭੇਜਿਆ ਜਾਵੇ।
4. ਰੀ-ਚੈਕਿੰਗ ਦਾ ਫਾਰਮ ਭਰਨ ਦੀ ਮਿਤੀ 16-05-2026 ਤੋਂ 30-05-2026 ਤੱਕ।
5. ਰੀ-ਚੈਕਿੰਗ ਦੀ ਪ੍ਰਕ੍ਰਿਆ ਪੂਰੀ ਹੋਣ ਉਪਰੰਤ ਅੰਤਿਮ /ਬਣਦਾ ਨਤੀਜਾ ਬੋਰਡ ਦੀ ਵੈਬ-ਸਾਈਟ (www.pseb.ac.in) ਤੇ ਵੇਖਿਆ ਜਾ ਸਕਦਾ ਹੈ।

13/5/26

ਸਹਾਇਕ ਸਕੱਤਰ(ਕਾਰਜ਼ ਸੰਚਾਲਨ)
ਪੰਜਾਬ ਸਕੂਲ ਸਿੱਖਿਆ ਬੋਰਡ

Scanned with CamScanner